ਜ਼ਿਲਾ ਮੈਜਿਸਟਰੇਟ, ਕਪੂਰਥਲਾ।
Tele. No. 01822-233777-O, 233776-R, 233393-F
Email ID dckapurthala@gmail.com

## ਹੁਕਮ

ਭਾਰਤ ਸਰਕਾਰ ਨੇ (COVID-19) ਕਰੋਨਾ ਵਾਇਰਸ ਨੂੰ ਮਹਾਂਮਾਰੀ ਘੋਸ਼ਿਤ ਕਰਨ ਉਪਰੰਤ ਪੰਜਾਬ ਸਰਕਾਰ ਵੱਲੋ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4/677 ਮਿਤੀ 5.3.2020 ਰਾਂਹੀਂ (COVID-19) ਕਰੋਨਾ ਵਾਇਰਸ ਨੂੰ Epidemic Diseases Act, 1897 ਤਹਿਤ ਪੰਜਾਬ ਰਾਜ ਵਿੱਚ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ। ਆਮ ਜਨਤਾ ਨੂੰ (COVID-19) ਕਰੋਨਾ ਵਾਇਰਸ ਦੇ ਮਾੜੇ ਪ੍ਰਭਾਵ ਤੋ ਬੱਚਣ ਲਈ ਅਪਾਤਕਾਲ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆ ਹੋਇਆ ਆਮ ਜਨਤਾ ਦੀ ਸੁਰੱਖਿਆ ਅਤੇ ਮਹਾਂਮਾਰੀ ਦੇ ਪ੍ਰਕੋਪ ਤੋ ਬੱਚਣ ਲਈ ਇਸ ਦਫਤਰ ਦੇ ਹੁਕਮ ਪਿੱਠ ਅੰਕਣ ਨੰ: 1251-1287/ਐਮ.ਏ ਮਿਤੀ 23-3-2020 ਰਾਹੀਂ ਜ਼ਿਲਾ ਕਪੂਰਥਲਾ ਵਿੱਚ ਕਰਫਿਊ ਲਗਾਇਆ ਗਿਆ ਸੀ, ਜਿਸ ਵਿੱਚ ਸਮੇ ਸਮੇ ਤੇ ਵਾਧਾ ਕੀਤਾ ਗਿਆ ਅਤੇ ਜਿਸ ਦੀ ਮਿਆਦ ਹੁਣ 17.5.2020 ਤੱਕ ਹੈ।

ਇਸ ਦਫਤਰ ਦੇ ਪੱਤਰ ਨੰਬਰ 2460-2516 /ਐਮ.ਏ. ਮਿਤੀ 07.05.2020 ਰਾਂਹੀਂ ਜਾਰੀ ਕੀਤੇ ਗਏ ਹੁਕਮ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਜਾਂਦੇ ਹਨ:

1. ਢਾਬਾ/ ਰੈਸਟੋਰੈਂਟ ਆਦਿ ਭਾਵ Food & Beverage Outlets (FBOs) ਦੇ ਮਾਲਕ/ Operator/ Manager ਇਹ ਯਕੀਨੀ ਬਣਾਉਣਗੇ ਕਿ ਹੋਮ ਡਿਲਵਰੀ ਕਰਨ ਵਾਲੇ ਵਹੀਕਲਾਂ ਨੂੰ ਰੈਗੂਲਰ ਤੌਰ ਤੇ ਸੈਨੀਟਾਈਜ਼ ਕੀਤਾ ਜਾਵੇ ਅਤੇ ਹੋਮ ਡਲਿਵਰੀ ਕਰਨ ਵਾਲੇ ਵਿਅਕਤੀਆ (Delivery Boys) ਆਦਿ ਦਾ ਰੈਗੂਲਰ ਤੌਰ ਤੇ ਮੈਡੀਕਲ ਚੈਕ ਅਪ ਕਰਵਾਇਆ ਜਾਵੇ ਅਤੇ ਰੋਜ਼ਾਨਾ Tharmal screening ਕੀਤੀ ਜਾਵੇ, ਅਤੇ ਇਸ ਦਾ ਰਿਕਾਰਡ ਰੱਖਿਆ ਜਾਵੇ। ਇਹ ਢਾਬੇ/ਰੈਸੋਟੋਰੈਟ ਆਦਿ ਭਾਵ Food & Beverage Outlets (FBOs) ਆਦਿ ਦੇ ਮਾਲਕ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।
2. Swiggy/Zomato ਆਦਿ ਦੀਆ ਸੇਵਾਵਾਂ ਹੋਮ ਡਿਲਵਰੀ ਕਰਨ ਲਈ ਲਿੱਤੀਆ ਜਾ ਸਕਦੀਆ ਹਨ । ਇਸ ਸਬੰਧੀ ਵੱਖਰੇ ਤੌਰ ਤੇ ਕਰਫਿਊ ਪਾਸ ਦੀ ਜ਼ਰੂਰਤ ਨਹੀਂ ਹੋਵੇਗੀ, Delivery Boys ਦਾ I-Card ਹੀ ਪਾਸ ਸਮਝਿਆ ਜਾਵੇਗਾ। Swiggy/Zomato ਦੇ ਮਾਲਕ ਇਹ ਯਕੀਨੀ ਬਣਾਉਣਗੇ ਕਿ ਹੋਮ ਡਲਿਵਰੀ ਕਰਨ ਵਾਲੇ ਵਹੀਕਲਾਂ ਨੂੰ ਰੈਗੂਲਰ ਤੌਰ ਤੇ ਸੈਟੀਟਾਈਜ਼ ਅਤੇ ਹੋਮ ਡਲਿਵਰੀ ਕਰਨ ਵਾਲੇ ਵਿਅਕਤੀਆ (Delivery Boys) ਦਾ ਰੈਗੂਲਰ ਤੌਰ ਤੇ ਪਰਾਪਰ ਮੈਡੀਕਲ ਚੈਕ ਅਪ ਕਰਵਾਇਆ ਜਾਵੇ। ਜਿਸ ਦੀ ਜਿੰਮੇਵਾਰੀ ਸਬੰਧਤ ਮਾਲਕ ਦੀ ਹੋਵੇਗੀ।
3. COVID-19 ਦੇ ਫੈਲਣ ਤੋਂ ਰੋਕਣ ਲਈ ਜ਼ਿਲੇ ਅੰਦਰ ਹੋਮ ਡਿਲਵਰੀ ਵਾਲੇ ਹਰੇਕ ਵਿਅਕਤੀ ਦੇ ਮੂੰਹ ਤੇ ਮਾਸਕ (ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਜਾਂ ਰੁਮਾਲ, ਦੂਪੱਟਾ, ਪਰਨਾ ਆਦਿ) ਅਤੇ Gloves ਪਹਿਨਣਾ ਲਾਜ਼ਮੀ ਹੋਵੇਗਾ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਅੱਜ ਮਿਤੀ 08.05.2020 ਨੂੰ ਜਾਰੀ ਕੀਤਾ ਜਾਂਦਾ ਹੈ।

District Magistrate Kapurthala

-ਸਹੀ-
ਜਿਲ੍ਹਾ ਮੈਜਿਸਟਰੇਟ,
ਕਪੂਰਥਲਾ।

ਪਿੱਠ ਅੰਕਣ ਨੰ: 2520-2564 /ਐਮ.ਏ. ਮਿਤੀ: 08-05-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ :-

1. ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ
2. ਗ੍ਰਹਿ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
4. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ
5. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ, ਫਗਵਾੜਾ/ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ।
7. ਸਮੂਹ ਉਪ ਮੰਡਲ ਮੈਜਿਸਟਰੇਟਸ, ਜਿਲ੍ਹਾ ਕਪੂਰਥਲਾ
8. ਸਿਵਲ ਸਰਜਨ, ਕਪੂਰਥਲਾ/ ਡੀ.ਪੀ.ਆਰ.ਓ., ਕਪੂਰਥਲਾ।
9. ਏ.ਈ.ਟੀ.ਸੀ., ਕਪੂਰਥਲਾ /ਸਹਾਇਕ ਫੂਡ ਸੇਫਟੀ ਕਮਿਸ਼ਨਰ, ਕਪੂਰਥਲਾ।
10. ਡੀ.ਐਫ.ਐਸ.ਸੀ., ਕਪੂਰਥਲਾ/ ਡੀ.ਡੀ.ਪੀ.ਓ., ਕਪੂਰਥਲਾ/ਡਿਪਟੀ ਡਾਇ.ਪਸ਼ੂ ਪਾਲਣ, ਕਪੂਰਥਲਾ
11. ਮੁੱਖ ਖੇਤੀਬਾੜੀ ਅਫਸਰ, ਕਪੂਰਥਲਾ/ ਡਿਪਟੀ ਡਾਇਰੈਕਟਰ, ਬਾਗਬਾਨੀ, ਕਪੂਰਥਲਾ।
13. ਸੁਪਰਡੰਟ ਗਰੇਡ-1/ਪੀ.ਏ. ਟੂ ਡੀ.ਐਮ/ਸਟੈਨੋ ਟੂ ਏ.ਡੀ.ਐਮ/ਸਟੈਨੋਂ ਟੂ ਏ.ਸੀ.(ਜ)/ ਡੀ.ਆਰ.ਓ

08/05/2020
ਵਾਸਤੇ ਜਿਲ੍ਹਾ ਮੈਜਿਸਟਰੇਟ,
ਕਪੂਰਥਲਾ ।

Scanned by CamScanner